M-2

ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨਾ ਮੁਲਾਂਕਣ ਪੱਤਰ - ਮਾਰਚ 2020

ਜਮਾਤ : ਪੰਜਵੀਂ

ਵਿਸ਼ਾ : ਗਣਿਤ

ਵਿਦਿਆਰਥੀ ਦਾ ਨਾਂ..... ਰੋਲ ਨੰ.....

ਜਮਾਤ-..... ਮਿਤੀ.....

ਸਮਾਂ : 3 ਘੰਟੇ ਕੁੱਲ ਅੰਕ : 80

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ।

ਪ੍ਰਸ਼ਨ 1 ਤੋਂ 16 ਤੱਕ ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ। ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ:

(16 x 1 = 16)

1. ਦਿੱਤੇ ਗਏ ਚਿੱਤਰ ਵਿੱਚ ਸਭ ਤੋਂ ਵੱਧ ਕੀਮਤ ਕਿਸ ਵਸਤੂ ਦੀ ਹੈ?



₹ 560



₹ 2500



₹ 32500



₹ 10500


ੳ) ਰੇਡੀਓ ਅ) ਪੱਖਾ ੲ) ਫਰਿੱਜ ਸ) ਐਲ ਈ ਡੀ

2. ਜੇਕਰ ਤੁਹਾਡੇ ਸਕੂਲ ਤੋਂ ਤੁਹਾਡੇ ਪਿੰਡ ਦੀ ਡਿਸਪੈਂਸਰੀ ਦੀ ਦੂਰੀ 2 ਕਿ.ਮੀ. , ਪਿੰਡ ਦੀ ਧਰਮਸ਼ਾਲਾ ਦੀ ਦੂਰੀ 955 ਮੀਟਰ ਅਤੇ ਗੁਰਦੁਆਰੇ ਦੀ ਦੂਰੀ 1500 ਮੀਟਰ ਹੈ ਤਾਂ ਇਹਨਾਂ ਵਿੱਚੋਂ ਤੁਹਾਡੇ ਸਕੂਲ ਤੋਂ ਸਭ ਤੋਂ ਵੱਧ ਦੂਰੀ ਕਿਸ ਦੀ ਹੈ?

ੳ) ਡਿਸਪੈਂਸਰੀ ਅ) ਧਰਮਸ਼ਾਲਾ

ੲ) ਗੁਰਦੁਆਰੇ ਸ) ਸਾਰਿਆਂ ਦੀ ਦੂਰੀ ਸਮਾਨ ਹੈ।

3. ਦਿੱਤੀ ਗਈ ਆਇਤ ਦਾ ਖੇਤਰਫਲ ਪਤਾ ਕਰੋ।



ੳ) 10 ਵਰਗ ਸੈ.ਮੀ ਅ) 10 ਸੈ.ਮੀ ੲ) 8 ਵਰਗ ਸੈ.ਮੀ ਸ) 12 ਵਰਗ ਸੈ.ਮੀ

M-3

4. ਇੱਕ ਕਾਰ ਦੇ ਚਾਰ ਪਹੀਏ ਹੁੰਦੇ ਹਨ ਅਤੇ ਇੱਕ ਆਟੋ ਦੇ ਤਿੰਨ ਪਹੀਏ ਹੁੰਦੇ ਹਨ।ਦੋ ਕਾਰਾਂ ਅਤੇ ਇੱਕ ਆਟੋ ਦੇ ਕਿੰਨੇ ਪਹੀਏ ਹੋਣਗੇ?




ੳ) 11 ਅ) 10 ੲ) 7 ਸ) 8


5. ਆਇਤਨ ਦੀ ਮੂਲ ਇਕਾਈ ਕਿਹੜੀ ਨਹੀਂ ਹੈ?

ੳ) ਘਣ ਸੈ.ਮੀ ਅ)ਵਰਗ ਮੀ. ੲ) ਘਣ ਮਿ.ਮੀ. ਸ) ਘਣ ਮੀ.

6. ਸਭ ਤੋਂ ਵੱਡਾ ਕਿਹੜਾ ਫੀਤਾ ਹੈ, ਜੋ 24 ਮੀਟਰ ਅਤੇ 30 ਮੀਟਰ ਦੀਆਂ ਲੰਬਾਈਆਂ ਨੂੰ ਪੂਰੀ ਤਰਾਂ ਮਾਪ ਸਕੇ?

ੳ) 4 ਮੀਟਰ ਅ) 5 ਮੀਟਰ ੲ) 6 ਮੀਟਰ ਸ) 7 ਮੀਟਰ

7. ਧਿਆਨ ਨਾਲ ਦੇਖੋ ਅਤੇ ਦੱਸੋ :



ਜੇਕਰ  = 200 ਮਿ.ਲੀ.

ਤਾਂ  = ?

ੳ) 500 ਮਿ.ਲੀ. ਤੋਂ ਘੱਟ ਅ) 500 ਮਿ.ਲੀ. ਅਤੇ 1 ਲੀ. ਦੇ ਵਿਚਕਾਰ


ੲ) 1 ਲੀ. ਅਤੇ 2 ਲੀ. ਦੇ ਵਿਚਕਾਰ ਸ) 2 ਲੀਟਰ ਤੋਂ ਵੱਧ

8. 1500 x 30 x 0 = _____

ੳ) 1530 ਅ) 0 ੲ) 1 ਸ) 1230


m-4


9. ਗਿਣਤਾਰੇ ਨੂੰ ਦੇਖ ਕੇ ਸੰਖਿਆ ਦੱਸੋ।



ੳ) 8179 ਅ) 38179 ੲ) 3879 ਸ) 97183


10. ਹੇਠਾਂ ਦਿੱਤੇ ਦੋ ਚਿੱਤਰਾਂ ਨੂੰ ਧਿਆਨ ਨਾਲ਼ ਦੇਖੋ ਅਤੇ ਸਹੀ ਉੱਤਰ ਚੁਣੋ।


ਚਿੱਤਰ 1 


ਚਿੱਤਰ 2 


ੳ) ਚਿੱਤਰ 1 ਦਾ ਖੇਤਰਫਲ ਚਿੱਤਰ 2 ਦੇ ਖੇਤਰਫਲ ਤੋਂ ਵੱਧ ਹੈ।
ਅ) ਚਿੱਤਰ 1 ਦਾ ਖੇਤਰਫਲ ਚਿੱਤਰ 2 ਦੇ ਖੇਤਰਫਲ ਤੋਂ ਘੱਟ ਹੈ।
ੲ) ਚਿੱਤਰ 1 ਦਾ ਖੇਤਰਫਲ ਚਿੱਤਰ 2 ਦੇ ਖੇਤਰਫਲ ਦੇ ਸਮਾਨ ਹੈ।
ਸ) ਦੋਵੇਂ ਚਿੱਤਰਾਂ ਦਾ ਖੇਤਰਫਲ ਬਰਾਬਰ ਹੈ।


11. ਖਾਲੀ ਡੱਬੇ ਲਈ ਸਹੀ ਡੱਬਾ ਚੁਣੋ।



ੳ) 

ਅ) 

ੲ) 

ਸ) 

ਮ5

12. ਚਿੱਤਰ ਨੂੰ ਦੇਖ ਕੇ ਦੱਸੋ ਕਿ ਖੇਡ 3 ਵਿੱਚ ਕਿੰਨੇ ਪ੍ਰਾਪਤ ਕੀਤੇ ਅੰਕ ਬਣਾਏ ਗਏ ਹਨ ?

	ਪ੍ਰਾਪਤ ਕੀਤੇ ਅੰਕ
ਖੇਡ-1	⚽⚽⚽⚽⚽⚽⚽
ਖੇਡ-2	⚽⚽⚽
ਖੇਡ-3	⚽⚽⚽⚽⚽⚽⚽⚽
ਖੇਡ-4	⚽⚽⚽⚽
ਖੇਡ-5	⚽⚽⚽⚽⚽⚽

⚽ = 5 ਪ੍ਰਾਪਤ ਅੰਕ

ੳ) 35 ਅ) 30 ੲ) 40 ਸ) 25


13. ਕਿਸੇ ਸ਼ਹਿਰ ਦੇ ਸੱਤ ਦਿਨਾਂ ਦੇ ਵੱਧ ਤੋਂ ਵੱਧ ਤਾਪਮਾਨ ਦੇ ਅੰਕੜੇ ਇਸ ਤਰ੍ਹਾਂ ਹਨ :

ਦਿਨ	ਸੋਮਵਾਰ	ਮੰਗਲਵਾਰ	ਬੁੱਧਵਾਰ	ਵੀਰਵਾਰ	ਸ਼ੁੱਕਰਵਾਰ	ਸ਼ਨੀਵਾਰ	ਐਤਵਾਰ
ਥਾਪਮਾਨ	36^0 C	34^0 C	38^0 C	40^0 C	39^0 C	40^0 C	41^0 C

ਸਭ ਤੋਂ ਜ਼ਿਆਦਾ ਗਰਮ ਦਿਨ ਕਿਹੜਾ ਹੈ?

ੳ) ਮੰਗਲਵਾਰ ਅ) ਵੀਰਵਾਰ ੲ) ਐਤਵਾਰ ਸ) ਸੋਮਵਾਰ

14. ਦਿੱਤੇ ਗਏ ਚਿੱਤਰ ਵਿੱਚ ਸ਼ਾਇਆ ਅੰਕਿਤ ਕੀਤੇ ਭਾਗ ਕਿਹੜੀ ਦਸ਼ਮਲਵ ਸੰਖਿਆ ਨੂੰ ਦਰਸਾਉਂਦਾ ਹੈ?



ੳ) 0.3 ਅ) 0.03 ੲ) 0.7 ਸ) 0.07

M-6

15. ਪੁਸਤਕ 'ਤੇ ਅੰਕਿਤ ਕੀਤਾ ਕੋਣ ਕਿਹੜਾ ਕੋਣ ਹੈ?




ੳ) ਸਮਕੋਣ ਅ) ਨਿਊਨ ਕੋਣ ਏ) ਅਧਿਕ ਕੋਣ ਸ) ਸਿੱਧਾ ਕੋਣ

16. ਇੱਕ ਚੌਥਾਈ ਘੁਮਾ ਕੇ ਦੁਹਰਾਓ।



.....

ੳ) 

ਅ) 

ਏ) 


ਸ) 

ਪ੍ਰਸ਼ਨ 17 ਤੋਂ 24 ਤੱਕ ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। **(8 x 2 = 16)**

17. 3.5 ਕਿਲੋਮੀਟਰ ਵਿੱਚ ਕਿੰਨੇ ਮੀਟਰ ਹੁੰਦੇ ਹਨ?

ਉਤਰ :-

18. ਦਿੱਤੇ ਚਿੱਤਰ ਦੀਆਂ ਸਮਮਿਤੀ ਰੇਖਾਵਾਂ ਬਣਾਓ।



ਉਤਰ :-

19. 1 ਦਿਨ ਵਿੱਚ ਕਿੰਨੇ ਸੈਕਿੰਡ ਹੁੰਦੇ ਹਨ?

ਉਤਰ :-

20. 26 ਰੁਪਏ ਵਿੱਚ ਦੋ-ਦੋ ਰੁਪਏ ਦੇ ਕਿੰਨੇ ਸਿੱਕੇ ਹੋਣਗੇ?

ਉਤਰ :-

21. ਸੰਖਿਆ 96 ਦਾ ਨੇੜੇ ਦੀ ਦਹਾਈ ਅਤੇ ਸੈਂਕੜੇ ਵਿੱਚ ਨਿਕਟੀਕਰਨ ਕਰੋ।

ਉਤਰ :-

M-7


22. ਸੰਖਿਆ 2019 ਦੀ ਅਗੇਤਰ ਅਤੇ ਪਿਛੇਤਰ ਸੰਖਿਆ ਲਿਖੋ।

ਉਤਰ :-

23. ਕਿਹੜੀ ਛੋਟੀ ਤੋਂ ਛੋਟੀ ਸੰਖਿਆ ਹੈ, ਜੋ 8 ਅਤੇ 12 ਨਾਲ ਪੂਰੀ ਪੂਰੀ ਵੰਡੀ ਜਾਵੇਗੀ?

ਉਤਰ :-


24. ਘਣਾਂ ਦੀ ਗਿਣਤੀ ਕਰਕੇ ਘਣਾਵ ਦਾ ਆਇਤਨ ਪਤਾ ਕਰੋ :




ਉਤਰ :-

ਪ੍ਰਸ਼ਨ 25 ਤੋਂ 36 ਤੱਕ ਹਰੇਕ ਪ੍ਰਸ਼ਨ ਦੇ 4 ਅੰਕ ਹੋਣਗੇ। **(12 x 4 = 48)**

25. **ਖਾਲੀ ਥਾਵਾਂ ਭਰੋ :**

(i) 

(ii) 

(iii) 50 , 65, 80, 95, _____ , _____

(iv) 600 , 550, 500, _____ , 400, _____ , 300

26. ਸਹੀ ਕਥਨ ਅੱਗੇ (✓) ਦਾ ਨਿਸ਼ਾਨ ਅਤੇ ਗਲਤ ਕਥਨ ਅੱਗੇ (×) ਦਾ ਨਿਸ਼ਾਨ ਲਗਾਓ।

(i) 3/10 ਦਾ ਦਸ਼ਮਲਵ ਰੂਪ 0.3 ਹੈ। ( )

(ii) 1/5, 1/9, 1/7 ਇਕਾਈ ਭਿੰਨਾਂ ਹਨ। ( )

(iii) 9/4 ਉਚਿੱਤ ਭਿੰਨ ਹੈ। ( )

(iv) 3/5 ਭਿੰਨ ਵਿੱਚ 3 ਹਰ ਹੈ। ( )

ਮ-੪

27. ਰੇਟ ਲਿਸਟ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:

ਜੀ.ਕੇ ਕਰਿਆਨਾ ਸਟੋਰ ਖਰੜ	
ਵਸਤੂਆਂ ਦਾ ਵਿਵਰਣ	ਦਰ ਪ੍ਰਤੀ ਕਿਲੋ
ਸ਼ੱਕਰ	60
ਚਾਹ	320
ਆਟਾ	32
ਚਾਵਲ	80
ਦਾਲ	90

i) 2 ਕਿਲੋਗ੍ਰਾਮ ਸ਼ੱਕਰ ਦਾ ਮੁੱਲ ਪਤਾ ਕਰੋ।

ii) 500 ਗ੍ਰਾਮ ਚਾਹ ਦਾ ਮੁੱਲ ਪਤਾ ਕਰੋ।


28. ਤਿੰਨ ਡਰੰਮਾਂ ਵਿੱਚ 36 ਲਿਟਰ, 45 ਲਿਟਰ ਅਤੇ 72 ਲਿਟਰ ਦੁੱਧ ਹੈ। ਉਹ ਵੱਡੇ ਤੋਂ ਵੱਡਾ ਬਰਤਨ ਦੱਸੋ, ਜਿਹੜਾ ਤਿੰਨਾਂ ਡਰੰਮਾਂ ਦੇ ਦੁੱਧ ਨੂੰ ਪੂਰੀ ਤਰਾਂ ਮਾਪ ਸਕੇ?

29. ਅੰਕਾਂ 5, 1, 8, 6 ਅਤੇ 7 ਨੂੰ ਵਰਤਦੇ ਹੋਏ 5 ਅੰਕਾਂ ਦੀ ਵੱਡੀ ਤੋਂ ਵੱਡੀ ਅਤੇ ਛੋਟੀ ਤੋਂ ਛੋਟੀ ਸੰਖਿਆ ਦਾ ਅੰਤਰ ਪਤਾ ਕਰੋ।

ਮ-੧

30. ਇੱਕ ਟਰਾਲੀ ਇੱਟਾਂ ਨਾਲ ਪੂਰੀ ਭਰੀ ਹੋਈ ਹੈ। ਇਸ ਟਰਾਲੀ ਦੀ ਲੰਬਾਈ 400 ਸੈਂਟੀਮੀਟਰ, ਚੌੜਾਈ 200 ਸੈਂਟੀਮੀਟਰ ਅਤੇ ਡੂੰਘਾਈ 100 ਸੈਂਟੀਮੀਟਰ ਹੈ। ਇੱਕ ਇੱਟ ਦੀ ਲੰਬਾਈ 20 ਸੈਂਟੀਮੀਟਰ, ਚੌੜਾਈ 10 ਸੈਂਟੀਮੀਟਰ ਅਤੇ ਉਚਾਈ 6 ਸੈਂਟੀਮੀਟਰ ਹੈ। ਟਰਾਲੀ ਵਿੱਚ ਕਿੰਨੀਆਂ ਇੱਟਾਂ ਹੋਣਗੀਆਂ?

31. ਦਿੱਤੇ ਗਏ ਪਾਈ ਚਾਰਟ (ਗੋਲ ਨਕਸ਼ਾ) ਵਿੱਚ ਜਮਾਤ ਪੰਜਵੀਂ ਦੇ ਬੱਚਿਆਂ ਦੇ ਮਨਪਸੰਦ ਰੰਗਾਂ ਬਾਰੇ ਦੱਸਿਆ ਗਿਆ ਹੈ। ਪਾਈ ਚਾਰਟ ਨੂੰ ਧਿਆਨ ਨਾਲ ਦੇਖੋ ਅਤੇ ਉੱਤਰ ਦਿਓ।





ੳ) ਜਮਾਤ ਦੇ ਕਿੰਨੇ ਬੱਚਿਆਂ (ਭਿੰਨਾਤਮਕ ਰੂਪ ਵਿੱਚ) ਨੂੰ ਹਰਾ ਰੰਗ ਪਸੰਦ ਹੈ?

ਅ) ਜਮਾਤ ਦੇ ਬੱਚਿਆਂ ਵੱਲੋਂ ਕਿਹੜੇ ਰੰਗ ਨੂੰ ਸਭ ਤੋਂ ਵੱਧ ਪਸੰਦ ਕੀਤਾ ਗਿਆ ਹੈ?

ੲ) ਜੇਕਰ ਜਮਾਤ ਵਿੱਚ ਕੁੱਲ 40 ਬੱਚੇ ਹਨ ਤਾਂ ਜਮਾਤ ਦੇ ਕਿੰਨੇ ਬੱਚਿਆਂ ਨੂੰ ਹਰਾ ਰੰਗ ਪਸੰਦ ਹੈ?


32. ਹੇਠਾਂ ਦਿੱਤੇ ਜਾਲਾਂ ਤੋਂ ਕਿਹੜੀਆਂ ਆਕ੍ਰਿਤੀਆਂ ਬਣਦੀਆਂ ਹਨ।






M-10

(ਓ)




(ਅ)



(ਏ)

(ਸ)

33. ਸ਼ਹਿਰ ਤੋਂ ਕੁਝ ਦੂਰ ਇੱਕ ਪਿੰਡ ਵਸਿਆ ਹੋਇਆ ਹੈ ਜਿਸ ਦਾ ਨਕਸ਼ਾ ਹੇਠਾਂ ਦਿੱਤਾ ਹੈ। ਸਿਮਰਨ ਸਾਇਕਲ 'ਤੇ ਪਿੰਡ ਵਿੱਚ ਘੁੰਮ ਰਿਹਾ ਹੈ।




ਸਿਮਰਨ ਵੱਲੋਂ ਤੈਅ ਕੀਤੀ ਵੱਖ ਵੱਖ ਦੂਰੀ ਪਤਾ ਕਰੋ :

ਓ) D ਤੋਂ A (B ਵੱਲੋਂ ਲੰਘਦਿਆਂ)

ਅ) A ਤੋਂ D (B ਅਤੇ C ਵਿੱਚੋਂ ਲੰਘਦਿਆਂ)

34.



M-11

ਦਿੱਤੀ ਗਈ ਆਕ੍ਰਿਤੀ ਵਿੱਚ ਕੋਣਾਂ ਨੂੰ ਅੰਕਿਤ ਕੀਤਾ ਗਿਆ ਹੈ। ਉਹਨਾਂ ਨੂੰ ਛਾਂਟ ਕੇ ਉਹਨਾਂ ਦੇ ਨਾਂ ਅਨੁਸਾਰ ਦਿੱਤੀ ਸਾਰਣੀ ਵਿੱਚ ਅੰਕਿਤ ਕਰੋ।

ਅਧਿਕ ਕੋਣ	ਸਮ ਕੋਣ	ਨਿਊਨ ਕੋਣ

35. ਰਾਜੂ ਦੇ ਜਨਮ ਦਿਨ ਦੀ ਪਾਰਟੀ ਸੀ। ਉਸ ਦੇ ਪਾਪਾ ਜਨਮ ਦਿਨ ਦੀ ਪਾਰਟੀ ਵਿੱਚ ਆਏ ਬੱਚਿਆਂ ਦੇ ਪਹਿਨਣ ਲਈ 24 ਟੋਪੀਆਂ ਲੈ ਕੇ ਆਏ। ਜੇਕਰ ਇਨ੍ਹਾਂ ਟੋਪੀਆਂ ਵਿੱਚੋਂ 1/3 ਲਾਲ ਰੰਗ ਦੀਆਂ, ½ ਹਰੇ ਰੰਗ ਦੀਆਂ ਅਤੇ 1/6 ਪੀਲੇ ਰੰਗ ਦੀਆਂ ਟੋਪੀਆਂ ਹੋਣ ਤਾਂ ਦੱਸੋ :

ੳ) ਕਿੰਨੇ ਬੱਚੇ ਲਾਲ ਰੰਗ ਦੀਆਂ ਟੋਪੀਆਂ ਪਾ ਸਕਦੇ ਹਨ?

ਅ) ਕਿੰਨੇ ਬੱਚੇ ਪੀਲੇ ਰੰਗ ਦੀਆਂ ਟੋਪੀਆਂ ਪਾ ਸਕਦੇ ਹਨ?

36. ਹੇਠਾਂ ਇੱਕ ਖੇਤ ਦੀ ਤਸਵੀਰ ਦਿੱਤੀ ਗਈ ਹੈ। ਖੇਤ ਦਾ ਖੇਤਰਫਲ ਪਤਾ ਕਰੋ।

